# ਪੰਜਾਬੀ-004

## Class-X (ਦਸਵੀਂ)

# ਨਮੂਨੇ ਦਾ ਪ੍ਰਸ਼ਨ-ਪੱਤਰ

## ਸੈਸ਼ਨ 2025-2026

**Time Allowed: 03 Hours** **Maximum Marks: 80**

**ਸਮਾਂ: 03 ਘੰਟੇ** **ਕੁੱਲ ਅੰਕ: 80**

## ਆਮ ਨਿਰਦੇਸ਼

**ਪ੍ਰਸ਼ਨ-ਪੱਤਰ ਹੱਲ ਕਰਨ ਤੋਂ ਪਹਿਲਾਂ, ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ਼ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ :**

- ਸਾਰੇ ਪ੍ਰਸ਼ਨ ਲਾਜ਼ਮੀ ਹਨ । ਪ੍ਰਸ਼ਨਾਂ ਵਿੱਚ ਅੰਦਰੂਨੀ ਚੋਣ ਵੀ ਦਿੱਤੀ ਗਈ ਹੈ। ਉਸ ਨੂੰ ਧਿਆਨ ਨਾਲ਼ ਵੇਖ ਕੇ ਹੱਲ ਕੀਤਾ ਜਾਵੇ।
- ਬਹੁ-ਵਿਕਲਪੀ ਉੱਤਰਾਂ ਵਾਲ਼ੇ ਪ੍ਰਸ਼ਨਾਂ ਦੇ ਉੱਤਰ ਲਿਖਦੇ ਸਮੇਂ ਵਿਕਲਪ ਨੰਬਰ/ਚਿੰਨ੍ਹ ਦੇ ਨਾਲ਼-ਨਾਲ਼ ਉੱਤਰ ਵੀ ਲਿਖਿਆ ਜਾਵੇ ।
- ਉੱਤਰਾਂ ਨੂੰ ਧਿਆਨ ਨਾਲ਼ ਉੱਤਰ-ਸ਼ੀਟ 'ਤੇ ਲਿਖਿਆ ਜਾਵੇ।
- ਇਸ ਪ੍ਰਸ਼ਨ-ਪੱਤਰ ਵਿੱਚ ਕੁੱਲ 16 ਪ੍ਰਸ਼ਨ ਹਨ ਤੇ ਇਸ ਦੇ ਚਾਰ ਭਾਗ ਹਨ: ਭਾਗ-I ਪੜ੍ਹਨ-ਕੌਸ਼ਲ, ਭਾਗ- II ਵਿਆਕਰਨ, ਭਾਗ-III ਪ੍ਰਭਾਵਸ਼ਾਲੀ ਲਿਖਣ ਕੌਸ਼ਲ ਅਤੇ ਭਾਗ-IV ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨ
- **ਭਾਗ-I**: ਪੜ੍ਹਨ-ਕੌਸ਼ਲ ਵਿੱਚ ਕੁੱਲ 2 ਪ੍ਰਸ਼ਨ ਹਨ। ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ।
- **ਭਾਗ- II:** ਵਿਆਕਰਨ ਵਿੱਚ ਕੁੱਲ 5 ਪ੍ਰਸ਼ਨ ਹਨ। ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ।
- **ਭਾਗ-III:** ਪ੍ਰਭਾਵਸ਼ਾਲੀ ਲਿਖਣ ਕੌਸ਼ਲ ਵਿੱਚ ਕੁੱਲ 3 ਪ੍ਰਸ਼ਨ ਹਨ। ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ।
- **ਭਾਗ-IV:** ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨਾਂ ਵਿੱਚ ਕੁੱਲ 6 ਪ੍ਰਸ਼ਨ ਹਨ। ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਹਨਾਂ ਨੂੰ ਹੱਲ ਕੀਤਾ ਜਾਵੇ।

## ਭਾਗ-I. ਪੜ੍ਹਨ ਕੌਸ਼ਲ (Part-I Reading Skill) 10

**ਨੋਟ: ਹੇਠ ਲਿਖੇ ਵਾਰਤਕ ਪੈਰੇ ਅਤੇ ਕਾਵਿ-ਟੁਕੜੀ ਨੂੰ ਧਿਆਨ ਨਾਲ਼ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਉਹਨਾਂ ਦੇ ਆਧਾਰ 'ਤੇ/ ਉਹਨਾਂ ਦੇ ਹੇਠਾਂ ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣ ਕੇ ਲਿਖੋ/ਉੱਤਰ ਸ਼ੀਟ ਵਿੱਚ ਦਰਜ ਕਰੋ:**

**6x1=6**

1. ਗਤਕਾ ਪੰਜਾਬੀਆਂ ਦਾ ਇੱਕ ਜੰਗੀ ਹੁਨਰ ਹੈ। ਇਹਦੇ ਰਾਹੀਂ ਵਿਰੋਧੀ ਉੱਤੇ ਵਾਰ ਕਰਨ ਅਤੇ ਰੋਕਣ ਦਾ ਅਭਿਆਸ ਹੁੰਦਾ ਹੈ। ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੇਂ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਤੱਕ ਸੈਨਿਕਾਂ ਲਈ ਗਤਕਾ ਸਿੱਖਣਾ ਜ਼ਰੂਰੀ ਸੀ; ਜਿਵੇਂ ਜਪਾਨ ਦੀ ਖੇਡ ਕਰਾਟੇ ਸਵੈ-ਰੱਖਿਆ ਵਾਲ਼ੀ ਖੇਡ ਗਿਣੀ ਜਾਂਦੀ ਹੈ, ਉਵੇਂ ਪੰਜਾਬੀਆਂ ਦਾ ਗਤਕਾ ਵੀ ਬਚਾਅ ਵਾਲ਼ੀ ਖੇਡ ਹੈ। ਸਾਡੇ ਦੇਸ ਵਿੱਚ ਪੰਜਾਬ ਦੀ ਭੂਗੋਲਿਕ ਸਥਿਤੀ ਖ਼ਾਸ ਸੀ। ਥਲ ਰਾਹੀਂ ਆਉਂਦੇ ਹਮਲਾਵਰ ਇੱਥੋਂ ਲੰਘਦੇ ਰਹੇ ਹਨ। ਇਸ ਕਾਰਨ ਆਤਮ-ਸੁਰੱਖਿਆ ਹਰੇਕ ਦੀ ਲੋੜ ਬਣ ਗਈ। ਗਤਕੇ ਦੀ ਖੇਡ ਇਸ ਲੋੜ ਵਿੱਚੋਂ ਹੀ ਪੈਦਾ ਹੋਈ। ਗਤਕੇ ਦੀ ਸਿਖਲਾਈ ਡੰਡੇ-ਸੋਟੀਆਂ ਤੋਂ ਸ਼ੁਰੂ ਹੋ ਕੇ ਤਲਵਾਰਾਂ ਚਲਾਉਣ ਤੱਕ ਹੈ। ਗਤਕੇ ਵਿੱਚ ਮੁਢਲੇ ਤੌਰ ਉੱਤੇ ਸਾਢੇ ਤਿੰਨ ਹੱਥ ਲੰਮਾ ਡੰਡਾ ਤੇ ਛੋਟੀ ਢਾਲ ਵਰਤੋਂ ਵਿੱਚ ਲਿਆਂਦੀ ਜਾਂਦੀ ਹੈ। ਡੰਡੇ ਉੱਤੇ ਚੰਮ ਦਾ ਖੋਲ ਚੜ੍ਹਿਆ ਹੁੰਦਾ ਹੈ। ਸੱਜੇ ਹੱਥ ਵਿੱਚ ਗਤਕਾ ਅਤੇ ਖੱਬੇ ਹੱਥ ਵਿੱਚ ਫਰੀ (ਛੋਟੀ ਢਾਲ) ਲੈ ਕੇ ਦੋ ਜਣੇ ਆਪੋ ਵਿੱਚ ਖੇਡਦੇ ਹਨ। ਫ਼ਾਰਸੀ ਦਾ 'ਖ਼ਤਕਾ' ਸ਼ਬਦ ਪੰਜਾਬੀਆਂ ਦੇ ਮੂੰਹ ਚੜ੍ਹ ਕੇ ਗਤਕਾ ਬਣਿਆ ਹੈ। ਕੁਸ਼ਤੀ ਵਾਂਗ ਇਸ ਖੇਡ ਵਿੱਚ ਵੀ ਉਸਤਾਦੀ-ਸ਼ਗਿਰਦੀ ਚਲਦੀ ਹੈ। ਮਾਪੇ ਆਪਣੇ ਬੱਚਿਆਂ ਨੂੰ ਗਤਕਾ ਸਿਖਾਉਣ ਲਈ ਉਸਤਾਦਾਂ ਕੋਲ਼ ਲਿਜਾਂਦੇ ਹਨ। ਉਹਨਾਂ ਨੂੰ ਸਿੱਖਿਆ ਦਿੱਤੀ ਜਾਂਦੀ ਹੈ ਕਿ ਚਾਲ-ਚਲਣ ਨੇਕ ਰੱਖਣਾ ਹੈ। ਬੱਚੇ, ਬਜ਼ੁਰਗ, ਔਰਤ ਤੇ ਨਿਤਾਣੇ ਉੱਤੇ ਵਾਰ ਨਹੀਂ ਕਰਨਾ। ਸਗੋਂ ਉਹਨਾਂ ਦੀ ਢਾਲ ਬਣਨਾ ਹੈ। ਸਾਦੀ ਤੇ ਸ਼ੁੱਧ ਖ਼ੁਰਾਕ ਖਾਣੀ ਹੈ। ਕੋਈ ਨਸ਼ਾ ਨਹੀਂ ਕਰਨਾ। ਖੇਡ ਸਿਖਲਾਈ ਦੇ ਅਮਲੀ ਦੌਰ ਵਿੱਚ ਪਹਿਲਾਂ ਜੁੱਸੇ ਗਰਮਾਏ ਜਾਂਦੇ ਹਨ। ਇਹਦੇ ਲਈ ਡੰਡ-ਬੈਠਕਾਂ ਤੇ ਅਖਾੜੇ ਦੁਆਲ਼ੇ ਦੌੜਾਂ ਲਾਉਣ ਦਾ ਅਭਿਆਸ ਹੁੰਦਾ ਹੈ। ਫਿਰ ਹਥਿਆਰਾਂ ਨੂੰ ਨਮਸਕਾਰ ਕਰਕੇ ਹਥਿਆਰ ਹੱਥ ਫੜਨ, ਪੈਂਤੜਾ ਲੈਣ, ਵਾਰ ਕਰਨ ਅਤੇ ਰੋਕਣ ਦੇ ਦਾਅ-ਪੇਚ ਸਿਖਾਏ ਜਾਂਦੇ ਹਨ। ਮੁਕਾਬਲੇ ਇਕੱਲੇ-ਇਕੱਲੇ ਦੇ ਵੀ ਹੁੰਦੇ ਹਨ ਅਤੇ ਟੋਲੀਆਂ ਵਿਚਕਾਰ ਵੀ ਹੁੰਦੇ ਹਨ। ਪਹਿਲਾਂ-ਪਹਿਲ ਅਨੰਦਪੁਰ ਸਾਹਿਬ ਤੇ ਪਾਉਂਟਾ ਸਾਹਿਬ, ਗਤਕੇ ਦੇ ਵੱਡੇ ਕੇਂਦਰ ਸਨ। ਹੋਲੇ-ਮਹੱਲੇ ਸਮੇਂ ਗਤਕੇ ਦੇ ਵੱਡੀ ਪੱਧਰ 'ਤੇ ਮੁਕਾਬਲੇ ਹੁੰਦੇ ਸਨ। ਬੀਤੇ ਸਮੇਂ ਵਿੱਚ ਇਸ ਖੇਡ ਦਾ ਇੱਕ ਫ਼ਾਇਦਾ ਇਹ ਸੀ ਕਿ ਚੰਗੀ ਖੇਡ ਵਿਖਾਉਣ ਵਾਲ਼ੇ ਜੁਆਨਾਂ ਨੂੰ ਸਿੱਧਾ ਹੀ ਫ਼ੌਜ ਵਿੱਚ ਭਰਤੀ ਕਰ ਲਿਆ ਜਾਂਦਾ ਸੀ। ਜਰਨੈਲ ਹਰੀ ਸਿੰਘ ਨਲੂਆ ਇੰਜ ਹੀ ਮਹਾਰਾਜਾ ਰਣਜੀਤ ਸਿੰਘ ਜੀ ਦੀ ਨਜ਼ਰੀਂ ਚੜ੍ਹੇ ਸਨ। ਅੱਜ-ਕੱਲ੍ਹ ਕਈ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਗਤਕਾ ਖੇਡਣ ਦੀ ਸਿਖਲਾਈ ਦਿੱਤੀ ਜਾਂਦੀ ਹੈ। ਇਹ ਹੁਨਰ ਪਹਿਲਾਂ ਮਰਦਾਂ ਤੱਕ ਹੀ ਸੀਮਿਤ ਸੀ। ਹੁਣ ਔਰਤਾਂ ਵੀ ਇਸ ਵਿੱਚ ਹਿੱਸਾ ਲੈਣ ਲੱਗ ਪਈਆਂ ਹਨ।

(i) ਕਿਸ ਗੁਰੂ ਸਾਹਿਬਾਨ ਦੇ ਸਮੇਂ ਸੈਨਿਕਾਂ ਲਈ ਗਤਕਾ ਸਿੱਖਣਾ ਜ਼ਰੂਰੀ ਸੀ ?

(A) ਸ੍ਰੀ ਗੁਰੂ ਅਰਜਨ ਦੇਵ ਜੀ

(B) ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ

(C) ਸ੍ਰੀ ਗੁਰੂ ਅਮਰਦਾਸ ਜੀ

(D) ਸ੍ਰੀ ਗੁਰੂ ਨਾਨਕ ਦੇਵ ਜੀ

(ii) ਜਪਾਨ ਦੇਸ ਵਿੱਚ ਕਿਹੜੀ ਖੇਡ ਨੂੰ ਸਵੈ-ਰੱਖਿਆ ਵਾਲ਼ੀ ਖੇਡ ਗਿਣਿਆ ਜਾਂਦਾ ਹੈ ?

(A) ਗਤਕਾ

(B) ਫੈਂਸਿੰਗ

(C) ਕੁਸ਼ਤੀ

(D) ਕਰਾਟੇ

(iii) ਪੈਰੇ ਅਨੁਸਾਰ ਕਿਹੜੀ ਭਾਸ਼ਾ ਦਾ ਸ਼ਬਦ 'ਖ਼ਤਕਾ' ਪੰਜਾਬੀਆਂ ਦੇ ਮੂੰਹ ਚੜ੍ਹ ਕੇ 'ਗਤਕਾ' ਬਣਿਆ ਹੈ ?

(A) ਫ਼ਾਰਸੀ

(B) ਅੰਗਰੇਜ਼ੀ

(C) ਜਪਾਨੀ

(D) ਪੰਜਾਬੀ

(iv) ਪੈਰੇ ਅਨੁਸਾਰ ਮਾਪੇ ਆਪਣੇ ਬੱਚਿਆਂ ਨੂੰ ਗਤਕਾ ਸਿਖਾਉਣ ਲਈ ਕਿਸ ਕੋਲ਼ ਲਿਜਾਂਦੇ ਹਨ ?

(A) ਫ਼ਾਰਸੀਆਂ

(B) ਜਪਾਨੀਆਂ

(C) ਉਸਤਾਦਾਂ

(D) ਫ਼ੌਜੀਆਂ

(v) ਪਹਿਲਾਂ-ਪਹਿਲ ਅਨੰਦਪੁਰ ਸਾਹਿਬ ਤੇ ਪਾਉਂਟਾ ਸਾਹਿਬ, .................... ਦੇ ਵੱਡੇ ਕੇਂਦਰ ਸਨ। ਪੈਰੇ ਅਨੁਸਾਰ ਸਹੀ ਵਿਕਲਪ ਚੁਣ ਕੇ ਖਾਲੀ ਸਥਾਨ ਭਰੋ:

(A) ਗਤਕੇ

(B) ਫ਼ੌਜੀਆਂ

(C) ਹਥਿਆਰਾਂ

(D) ਉਲੰਪਿਕ ਖੇਡਾਂ

(vi) ਪਹਿਲਾਂ-ਪਹਿਲ ਗਤਕਾ ਖੇਡ ਕੇਵਲ ਕਿਨ੍ਹਾਂ ਤੱਕ ਸੀਮਿਤ ਸੀ ?

(A) ਔਰਤਾਂ

(B) ਫ਼ੌਜੀਆਂ

(C) ਮਰਦਾਂ

(D) ਜਪਾਨੀਆਂ

2. ਰਲ਼ ਖੇਡਾਂ ਖੇਡਣ ਬੱਚੇ, ਭੋਲੇ-ਭਾਲੇ ਦਿਲ ਦੇ ਸੱਚੇ ।
ਗਲੀਆਂ ਦੇ ਵਿੱਚ ਰੌਲਾ ਪਾਵਣ, ਨਾਲ਼ ਖ਼ੁਸ਼ੀ ਦੇ ਹੇਕਾਂ ਲਾਵਣ ।
ਨੱਚਣ-ਟੱਪਣ, ਮਾਰਨ ਤਾੜੀ, ਬਣ ਜਾਂਦੇ ਝੱਟ ਪੱਕੇ ਆੜੀ ।
ਇਕ-ਦੂਜੇ ਨੂੰ ਹਾਕਾਂ ਮਾਰਨ, ਸਾਥ ਮੜਿੱਕ ਕੇ ਦਾਈ ਤਾਰਨ ।
ਲੁਕਣ-ਮੀਚੀ ਖੇਡਦੇ ਨੱਸਣ, ਲੱਭਣ ਪਿੱਛੋਂ ਖਿੜ-ਖਿੜ ਹੱਸਣ ।
ਖੇਡਣ ਕੋਟਲਾ-ਛਪਾਕੀ, ਘੁੰਮੇ ਇੱਕ ਤੇ ਬੈਠਣ ਬਾਕੀ ।
ਕੂਕਾਂ-ਕਾਂਗੜੇ ਖੇਡ ਨਿਆਰੀ, ਸਭ ਨੂੰ ਲੱਗੇ ਬੜੀ ਪਿਆਰੀ । **4X1=4**

(i) ਕਵਿਤਾ ਅਨੁਸਾਰ ਬੱਚੇ ਰਲ਼ ਕੇ ਕੀ ਕਰਦੇ ਹਨ ?

(ii) ਬੱਚੇ ਇੱਕ-ਦੂਜੇ ਨੂੰ ਕੀ ਮਾਰਦੇ ਹਨ ?

(iii) ਬੱਚਿਆਂ ਦੀ ਕਿਸ ਖੇਡ ਵਿੱਚ ਇੱਕ ਬੈਠਦਾ ਤੇ ਬਾਕੀ ਘੁੰਮਦੇ ਹਨ ?

(iv) ਬੱਚਿਆਂ ਦੀ ਕਿਹੜੀ ਖੇਡ ਸਭ ਨੂੰ ਬੜੀ ਪਿਆਰੀ ਲਗਦੀ ਹੈ ?

## ਭਾਗ-II ਵਿਆਕਰਨ (Part-II Grammar) 12

### 3. ਸਮਾਸੀ ਸ਼ਬਦ: (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ) 2X1=2

(i) ਹੇਠ ਲਿਖਿਆਂ ਵਿੱਚੋਂ ਕਿਹੜਾ ਇੱਕ ਸਮਾਸੀ ਸ਼ਬਦ **ਨਹੀਂ** ਹੈ ?

(A) ਆਪਬੀਤੀ
(B) ਇਕੱਤੀ
(C) ਵਿਸ਼ਵਾਸ
(D) ਚੁਰਸਤਾ

(ii) ਹੇਠ ਲਿਖਿਆਂ ਵਿੱਚੋਂ ਕਿਹੜਾ ਸਮਾਸੀ ਸ਼ਬਦ ਵਿਸ਼ੇਸ਼ਣ+ਨਾਂਵ ਸ਼ਬਦਾਂ ਦੇ ਸੁਮੇਲ ਨਾਲ਼ ਬਣਿਆ ਹੈ ?

(A) ਦੂਰ-ਦ੍ਰਿਸ਼ਟੀ
(B) ਨਿੱਤ-ਨੇਮ
(C) ਜਲ-ਘਰ
(D) ਕਾਲ਼ੇ-ਪਾਣੀ

(iii) 'ਜੱਗ-ਬੀਤੀ' ਸਮਾਸੀ-ਸ਼ਬਦ ਲਈ ਠੀਕ ਸ਼ਬਦ-ਸਮੂਹ ਚੁਣੋ-

(A) ਜੱਗ ਨਾਲ਼ ਬੀਤੀ
(B) ਜੱਗ ਅਤੇ ਬੀਤੀ
(C) ਜੱਗ ਤੇ ਬੀਤੀ
(D) ਇਹਨਾਂ ਵਿੱਚੋਂ ਕੋਈ ਵੀ ਨਹੀਂ

## 4. ਬਹੁ-ਅਰਥਕ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ) **2X1=2**

(i) ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ 'ਉੱਠ' ਸ਼ਬਦ ਦਾ ਬਹੁ-ਅਰਥਕ ਸ਼ਬਦ **ਨਹੀ** ਹੈ ?

(A) ਜਾਗਣਾ

(B) ਇੱਕ ਜਾਨਵਰ

(C) ਖੜ੍ਹੇ ਹੋਣਾ

(D) ਪੈਦਾ ਹੋਣਾ

(ii) ਹੇਠ ਲਿਖੇ ਵਾਕ ਵਿਚਲੀਆਂ ਖਾਲੀ ਥਾਵਾਂ ਭਰਨ ਲਈ ਢੁਕਵਾਂ ਬਹੁ-ਅਰਥਕ ਸ਼ਬਦ ਚੁਣੋ:

ਆਰਥਿਕ ਹਾਲਤ ਚੰਗੀ ਹੋਣ ਕਾਰਨ, ਉਸ ਦਾ ਘਰ ਪਿੰਡ ਵਿੱਚ ਸਭ ਤੋਂ .......... ਹੈ ਪਰ ਉਹ ਏਨਾ ਨਿਮਰਤਾਵਾਨ ਹੈ ਕਿ ਉਸ ਨੇ ਪਿੰਡ ਵਿੱਚ ਕਦੇ ਕਿਸੇ ਨੂੰ ............ ਨਹੀਂ ਸੀ ਬੋਲਿਆ। ਹੁਣ ਤਾਂ ਵਿਚਾਰੇ ਨੂੰ ਖ਼ੁਦ ਹੀ ............. ਸੁਣਦਾ ਹੈ।

(A) ਮੰਦਾ

(B) ਚੰਗਾ

(C) ਉੱਚਾ

(D) ਘੱਟ

(iii) 'ਸਹੀ' ਦਾ ਇੱਕ ਅਰਥ ਹੈ; 'ਠੀਕ' ਹੋਰ ਅਰਥ ਹੈ/ਹਨ:

(A) ਦਸਖ਼ਤ

(B) ਤਾਕਤ

(C) ਖ਼ਿਤਾਬ

(D) ਉਪਰੋਕਤ ਸਾਰੇ ਹੀ

## 5. ਕਿਰਿਆ-ਵਿਸ਼ੇਸ਼ਣ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ) **2X1=2**

(i) ਹੇਠ ਲਿਖੇ ਸ਼ਬਦ ਸਮੂਹਾਂ ਵਿੱਚੋਂ ਕਾਲ-ਵਾਚਕ ਕਿਰਿਆ-ਵਿਸ਼ੇਸ਼ਣ ਚੁਣੋ :

(A) ਉੱਪਰ, ਬਾਹਰ, ਦੂਰ ,

(B) ਇਵੇਂ, ਕਿਵੇਂ, ਅਚਨਚੇਤ

(C) ਜਦੋਂ, ਦੁਪਹਿਰੇ, ਕੁਵੇਲੇ

(D) ਇੰਨਾ, ਕਿੰਨਾ, ਜਿੰਨਾ

(ii) ਵਿਆਕਰਨ ਅਨੁਸਾਰ ਹੇਠ ਦਿੱਤੇ ਵਿਕਲਪਾਂ ਵਿੱਚੋਂ ਕਿਹੜੀ ਕਿਰਿਆ-ਵਿਸ਼ੇਸ਼ਣ ਦੀ ਇੱਕ ਕਿਸਮ ਹੈ ?

(A) ਤਾਕੀਦ-ਵਾਚਕ

(B) ਪੜ੍ਹਨਾਂਵੀ

(C) ਗੁਣ-ਵਾਚਕ

(D) ਇਕੱਠ-ਵਾਚਕ

(iii) ਹੇਠ ਲਿਖੇ ਵਾਕ ਵਿੱਚੋਂ ਕਿਰਿਆ-ਵਿਸ਼ੇਸ਼ਣ ਚੁਣੋ :

ਸਾਨੂੰ ਬਹੁਤਾ ਨਹੀਂ ਬੋਲਣਾ ਚਾਹੀਦਾ ।

(A) ਸਾਨੂੰ

(B) ਬਹੁਤਾ

(C) ਬੋਲਣਾ

(D) ਚਾਹੀਦਾ

6. **ਅਗੇਤਰ-ਪਿਛੇਤਰ:** **1+1=2**

**ਪੁੱਛੇ ਗਏ ਅਨੁਸਾਰ ਹੱਲ ਕਰੋ:**

(i) ਹੇਠ ਲਿਖਿਆਂ ਵਿੱਚੋਂ ਕਿਸੇ **ਇੱਕ ਅਗੇਤਰ** ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਸਹਿ, ਨਿ

(ii) ਹੇਠ ਲਿਖਿਆਂ ਵਿੱਚੋਂ ਕਿਸੇ **ਇੱਕ ਪਿਛੇਤਰ** ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਤਾ, ਗਾਰ

7. **ਮੁਹਾਵਰੇ:** ਹੇਠ ਲਿਖਿਆਂ ਵਿੱਚੋਂ ਕਿਸੇ **ਚਾਰ ਮੁਹਾਵਰਿਆਂ** ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਅਰਥ ਸਪਸ਼ਟ ਹੋ ਜਾਣ: **4X1=4**

(i) ਕੌੜਾ ਘੁੱਟ ਭਰਨਾ

(ii) ਖੱਟੇ ਪਿਆ ਹੋਣਾ

(iii) ਗੁੱਡੀ ਚੜ੍ਹਨੀ

(iv) ਚਿੱਕੜ ਸੁੱਟਣਾ

(v) ਛਿੱਲ ਲਾਹੁਣਾ

(vi) ਜ਼ਬਾਨੀ ਜਮ੍ਹਾ-ਖ਼ਰਚ ਕਰਨਾ

## ਭਾਗ-III. ਪ੍ਰਭਾਵਸ਼ਾਲੀ ਲਿਖਣ-ਕੌਸ਼ਲ (Part III: Writing Skill) 8+6+4=18

8. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ 200 ਸ਼ਬਦਾਂ ਵਿੱਚ ਲੇਖ ਲਿਖੋ : 1X8=8

**(i)** ਮਨ ਤੂੰ ਜੋਤਿ ਸਰੂਪ ਹੈ

(ਜਾਣ-ਪਛਾਣ ..................... ਭਾਵ ..................... ਮਨ ਕੀ ਹੈ ..................... ਮਨ ਬਹੁਤ ਚੰਚਲ .............. ਇਸ ਨੂੰ ਕਾਬੂ ਵਿੱਚ ਕਰਨ ਦੀ ਜ਼ਰੂਰਤ .................... ਮਨ 'ਤੇ ਜਿੱਤ ਪਾਉਣ ਦੇ ਢੰਗ ............ ਇਛਾਵਾਂ ਦਾ ਤਿਆਗ ..................... ਮਨ ਨੂੰ ਕਾਬੂ ਕਰਨ ਦੇ ਲਾਭ ..................... ਸਿੱਟਾ .....................)

**(ii)** ਅਜੋਕੇ ਸਮੇਂ ਵਿੱਚ ਸੜਕੀ ਆਵਾਜਾਈ ਦੀ ਸਮੱਸਿਆ

(ਜਾਣ-ਪਛਾਣ .................. ਸੜਕੀ ਆਵਾਜਾਈ ਵਿੱਚ ਬੇਤਹਾਸ਼ਾ ਵਾਧਾ .................... ਹਾਦਸਿਆਂ ਦੇ ਕਾਰਨ ......................... ਤੰਗ ਸੜਕਾਂ, ਕਾਹਲ ...................... ਟ੍ਰੈਫਿਕ ਨਿਯਮਾਂ ਪ੍ਰਤੀ ਜਾਗਰੂਕਤਾ ...................... ਲੋਕਾਂ ਦੇ ਫ਼ਰਜ਼ ................................ ਸੁਝਾਅ ............................... ਸਾਰੰਸ਼ ............................ )

**(iii)** ਕਿਸੇ ਇਤਿਹਾਸਿਕ ਸਥਾਨ ਦੀ ਯਾਤਰਾ

(ਜਾਣ-ਪਛਾਣ .................... ਇਤਿਹਾਸਕ ਸਥਾਨਾਂ ਦੇ ਮਹੱਤਵ .................... ਇਤਿਹਾਸਕ ਸਥਾਨ ਵੇਖਣ ਜਾਣ ਦਾ ਪ੍ਰੋਗਰਾਮ ................... ਇਤਿਹਾਸਕ ਸਥਾਨ ਦਾ ਨਾਮ .................... ਜਾਣ ਸਮੇਂ ਰਸਤੇ ਦੇ ਵੇਰਵੇ .................... ਇਤਿਹਾਸਕ ਸਥਾਨ ਬਾਰੇ ਵਿਸਥਾਰ ਵਿੱਚ ਵੇਰਵੇ .................... ਆਪਣੇ ਵਿਚਾਰ ................. ਸਿੱਟਾ ....................)

9. ਪੱਤਰ ਰਚਨਾ:

(i) ਤੁਹਾਡਾ ਕੋਈ ਨੇੜਲਾ ਰਿਸ਼ਤੇਦਾਰ, ਚੰਗੇ ਅੰਕਾਂ ਨਾਲ਼ ਪਾਸ ਹੋਣ ਦੀ ਖ਼ੁਸ਼ੀ ਵਿੱਚ ਤੁਹਾਨੂੰ ਕੋਈ ਸੁਗਾਤ ਦੇਣਾ ਚਾਹੁੰਦਾ ਹੈ। ਇੱਕ ਪੱਤਰ ਰਾਹੀਂ ਉਹਨਾਂ ਨੂੰ ਆਪਣੀ ਰੁਚੀ ਅਨੁਸਾਰ ਕੁਝ ਚੰਗੀਆਂ ਪੁਸਤਕਾਂ ਸੁਗਾਤ ਵਜੋਂ ਦੇਣ ਲਈ ਸੁਝਾਅ ਦਿਓ।

(ਪੱਤਰ ਮਿਲ਼ਣਾ ........... ਭੇਜੀ ਹੋਈ ਪਾਸ ਹੋਣ ਦੀ ਵਧਾਈ ਤੇ ਅਸ਼ੀਰਵਾਦ ਪ੍ਰਾਪਤ ਹੋਣਾ .................ਪੱਤਰ ਵਿੱਚ ਉਤਸ਼ਾਹਿਤ ਕਰਨ ਲਈ ਸੁਗਾਤ ਦੇਣ ਦੀ ਇੱਛਾ ਦੱਸਣਾ ................... ਨਿਮਰਤਾ ਸਹਿਤ ਸੁਝਾਅ ਸੁਗਾਤ ਵਜੋਂ ਚੰਗੀਆਂ ਪੁਸਤਕਾਂ ........................... ਵਰਤੋਂ ਅਨੁਸਾਰ ਪੁਸਤਕਾਂ ਦਾ ਵੇਰਵਾ ................... ਕੋਈ ਮਿਆਰੀ ਰਸਾਲਾ ਲਗਵਾਉਣ ਦੀ ਬੇਨਤੀ ................ ਧੰਨਵਾਦ ਪ੍ਰਗਟ ਕਰਨਾ .......... )

ਜਾਂ (OR)

(ii) ਤੁਹਾਡਾ ਮੋਬਾਈਲ ਫੋਨ ਘੁੰਮ ਹੋ ਗਿਆ ਹੈ, ਆਪਣੇ ਇਲਾਕੇ ਦੇ ਥਾਣੇ ਦੇ ਐੱਸ.ਐੱਚ. ਓ. ਨੂੰ ਇਸ ਦੀ ਰਿਪੋਰਟ ਲਿਖਵਾਉਣ ਲਈ ਪੱਤਰ ਲਿਖੋ।

(ਬਜ਼ਾਰ ਵਿੱਚ ਜ਼ਰੂਰੀ ਕੰਮ ਜਾਣਾ.................... ਮੋਬਾਈਲ ਦਾ ਘੁੰਮ ਹੋਣਾ.................... ਮੋਬਾਈਲ ਦੀ ਕੰਪਨੀ, ਰੰਗ ਤੇ ਮਾਡਲ ਦਾ ਨਾਮ.................... ਸਿੰਮ ਕਾਰਡ ਦਾ ਨੰਬਰ ਤੇ ਕੰਪਨੀ ਦਾ ਨਾਮ .................... ਮੋਬਾਈਲ ਗੁੰਮਸ਼ੁਦਗੀ ਦਾ ਰਿਪੋਰਟ ਦਰਜ ਕਰਨ ਲਈ ਬੇਨਤੀ......................ਰਿਪੋਰਟ ਤੋਂ ਬਾਅਦ ਹੀ ਨਵਾਂ ਸਿੰਮ ਕਾਰਡ.................... ਮੋਬਾਈਲ ਨੂੰ ਜਲਦ ਤੋਂ ਜਲਦ ਲੱਭਣ ਦੀ ਬੇਨਤੀ .............................. )

1X6 = 6

10. ਹੇਠਲੀ ਤਸਵੀਰ ਨੂੰ ਧਿਆਨ ਨਾਲ਼ ਵੇਖੋ ਅਤੇ ਉਸ ਬਾਰੇ 50 ਸ਼ਬਦਾਂ ਵਿੱਚ ਲਿਖੋ: 1X4=4




**ਨੋਟ: ਇਹ ਪ੍ਰਸ਼ਨ ਤਸਵੀਰ ਆਧਾਰਿਤ ਪ੍ਰਸ਼ਨ ਦੀ ਥਾਂ ਸਿਰਫ਼ ਨੇਤਰਹੀਣ ਵਿਦਿਆਰਥੀਆਂ ਲਈ ਹੈ:-**
ਤੁਹਾਡੇ ਸਕੂਲ ਵਿੱਚ ਪੀਣ ਵਾਲ਼ੇ ਪਾਣੀ ਦੀ ਬਹੁਤ ਸਮੱਸਿਆ ਹੈ, ਆਪਣੇ ਸਕੂਲ ਦੇ ਮੁਖੀ ਨੂੰ ਇਸ ਵਿੱਚ ਸੁਧਾਰ ਕਰਨ ਲਈ ਪੱਤਰ ਲਿਖੋ।

# IV. ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨ

## ( IV. Text Books based questions) 5+5+4+14+8+4=40

11. **ਕਹਾਣੀ ਤੇ ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ) :** **5X1=5**

(i) **'ਘਰ ਦਾ ਪਿਆਰ'** ਲੇਖ ਅਨੁਸਾਰ ਬਚਪਨ ਦੇ ਜ਼ਰੂਰੀ ਤਜ਼ਰਬਿਆਂ ਨੂੰ ਨਾ ਸਮਝਣ ਵਾਲ਼ੇ ਲਿਖਾਰੀਆਂ ਨੇ ਮਹਾਤਮਾ ਬੁੱਧ ਤੇ ਗੁਰੂ ਨਾਨਕ ਦੇਵ ਜੀ ਦੇ ਮਾਪਿਆਂ ਦੇ ਆਚਰਨ ਨੂੰ ਬਹੁਤ ........... ਰੰਗ ਵਿੱਚ ਰੰਗਿਆ ਹੈ। ਸਹੀ ਵਿਕਲਪ ਚੁਣ ਕੇ ਖਾਲੀ ਸਥਾਨ ਭਰੋ ।

(A)ਕੋਝੇ

(B)ਸੋਹਣੇ

(C)ਪਿਆਰੇ

(D)ਸੁਨਹਿਰੀ

(ii) **'ਬੋਲੀ'** ਲੇਖ ਵਿੱਚ ਲੇਖਕ ਨੇ ਜ਼ਿੰਦਗੀ ਵਿੱਚ ਸਭ ਤੋਂ ਵਧੇਰੇ ਧਿਆਨ ਮੰਗਣ ਵਾਲ਼ੀ ਦੌਲਤ ਕਿਸ ਨੂੰ ਆਖਿਆ ਹੈ?

(A)ਵਿਆਹ ਨੂੰ

(B)ਰਿਸ਼ਤਿਆਂ ਨੂੰ

(C) ਬੋਲੀ ਨੂੰ

(D) ਘਰ ਨੂੰ

(iii) 'ਮੇਰੇ ਵੱਡੇ ਵਡੇਰੇ' ਲੇਖ ਅਨੁਸਾਰ ਪਿੰਡ ਵਿੱਚ ਆਏ ਪਹਿਲਵਾਨ ਦੇ ਸੁਆਗਤ ਲਈ ਕੌਣ ਗਿਆ ਸੀ ?

(A) ਬਾਬਾ ਦਾਸ

(B) ਚੌਧਰੀ ਚੜ੍ਹਤ ਸਿੰਘ

(C) ਬਾਬਾ ਪੁਨੂੰ

(D) ਮੰਗਲ ਸਿੰਘ

(iv) **'ਕੁਲਫ਼ੀ'** ਕਹਾਣੀ ਵਿੱਚ ਕਹਾਣੀਕਾਰ ਆਪ ਕਿਸ ਚੀਜ਼ ਦਾ ਲੋਭੀ ਸੀ ?

(A) ਪੈਸੇ ਦਾ

**(B)** ਦੁੱਧ ਦਾ

(C) ਚਾਹ ਦਾ

(D) ਮਿੱਠੇ ਦਾ

(v) 'ਧਰਤੀ ਹੇਠਲਾ ਬਲ਼ਦ' ਕਹਾਣੀ ਅਨੁਸਾਰ ਅੰਮ੍ਰਿਤਸਰ ਤੋਂ ਚੂਹੜਕਾਣਾ ਕਿੰਨਾ ਦੂਰ ਸੀ ?

(A) ਪੰਜ ਕੋਹ

(B) ਪੰਜਾਹ ਕੋਹ

(C) ਪੱਚੀ ਕੋਹ

(D) ਪੰਝੱਤਰ ਕੋਹ

(vi) 'ਅੰਗ-ਸੰਗ' ਕਹਾਣੀ ਅਨੁਸਾਰ ਅਮਰੀਕ ਸਿੰਘ ਕੀ ਕੰਮ ਕਰਦਾ ਸੀ ?

(A) ਵਪਾਰ

(B) ਪ੍ਰਾਈਵੇਟ ਨੌਕਰੀ

(C) ਸਰਕਾਰੀ ਨੌਕਰੀ

(D) ਸੋਸਾਇਟੀ ਦਾ ਇਨਸਪੈੱਕਟਰ ਸੀ

12. **ਕਵਿਤਾ ਤੇ ਇਕਾਂਗੀ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ) : 5X1=5**

(i) 'ਭੰਡਿ ਮੰਗਣੁ ਵੀਆਹੁ' ਵਿੱਚ 'ਮੰਗਣੁ' ਸ਼ਬਦ ਦੇ ਕੀ ਅਰਥ ਹਨ ?

(A) ਮੰਗਣ ਜਾਣਾ

(B) ਨਿੰਦਿਆ ਕਰਨਾ

(C) ਕੁੜਮਾਈ

(D) ਇਸਤਰੀ

(ii) 'ਸਤਿਗੁਰ ਨਾਨਕ ਪ੍ਰਗਟਿਆ' ਰਚਨਾ ਅਨੁਸਾਰ ਚਾਰੋ ਦਿਸ਼ਾਵਾਂ ਨੂੰ ਕਿਸ ਨੇ ਤਾਰ ਦਿੱਤਾ ਹੈ ?

(A) ਸ੍ਰੀ ਗੁਰੂ ਨਾਨਕ ਦੇਵ ਜੀ

(B) ਸ੍ਰੀ ਗੁਰੂ ਅਮਰਦਾਸ ਜੀ

(C) ਸ੍ਰੀ ਗੁਰੂ ਅਰਜਨ ਦੇਵ ਜੀ

(D) ਭਾਈ ਗੁਰਦਾਸ ਜੀ

(iii) ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਰਚਨਾ 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਵਿੱਚ ਪਰਮਾਤਮਾ ਨਾਲ਼ ਮਾਤਾ -ਪਿਤਾ ਤੋਂ ਇਲਾਵਾ ਹੋਰ ਕਿਹੜਾ ਰਿਸ਼ਤਾ ਸਥਾਪਿਤ ਕੀਤਾ ਹੈ ?

(A) ਮਾਮਾ ਤੇ ਨਾਨਾ

(B) ਭਰਾ ਤੇ ਰਿਸ਼ਤੇਦਾਰ

(C) ਚਾਚਾ ਤੇ ਤਾਇਆ

(D) ਨਾਨੀ ਤੇ ਮਾਸੀ

(iv) 'ਦੂਜਾ ਵਿਆਹ' ਇਕਾਂਗੀ ਵਿੱਚ ਮਨਜੀਤ ਕੌਰ ਆਪਣੀ ਸੱਸ ਨੂੰ ਕੀ ਮੁੱਕ ਜਾਣ ਬਾਰੇ ਦੱਸਦੀ ਹੈ ?

(A) ਪੁਦੀਨਾ

(B) ਚਟਨੀ

(C) ਆਟਾ

(D) ਖੰਡ

(v) 'ਜ਼ਫ਼ਰਨਾਮਾ' ਇਕਾਂਗੀ ਅਨੁਸਾਰ ਔਰੰਗਜ਼ੇਬ ਦੇ ਸ਼ਾਹੀ ਮਹੱਲ ਤੇ ਦਰਬਾਰ ਵਿੱਚ ਕਿਸ ਗੱਲ ਦੀ ਮਨਾਹੀ ਸੀ?

(A) ਸੰਗੀਤ ਤੇ ਨਾਚ ਦੀ

(B) ਨਮਾਜ਼ ਪੜ੍ਹਨ ਦੀ

(C) ਵਿਆਹ ਕਰਵਾਉਣ ਦੀ

(D) ਕੁਰਾਨ ਪੜ੍ਹਨ ਦੀ

(vi) "ਜਹਾਨ ਪਨਾਹ ਦੀ ਖ਼ਿਦਮਤ ਤੋਂ ਬਿਨਾਂ ਮੇਰੀ ਵੀ ਜ਼ਿੰਦਗੀ ਦਾ ਕੋਈ ਮਕਸਦ ਨਹੀਂ।" 'ਜ਼ਫ਼ਰਨਾਮਾ' ਇਕਾਂਗੀ ਵਿੱਚ ਇਹ ਸ਼ਬਦ ਕਿਸ ਨੇ ਕਹੇ ?

(A) ਜ਼ੀਨਤ-ਉਨ-ਨਿਸਾ ਨੇ

(B) ਬੇਗ਼ਮ ਉਦੈਪੁਰੀ ਨੇ

(C) ਅਸਦ ਖ਼ਾਨ ਨੇ

(D) ਸ਼ਾਹੀ ਹਕੀਮ ਨੇ

13. **ਕਹਾਣੀ ਤੇ ਵਾਰਤਕ ਵਿੱਚੋਂ ( ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ) :** **4X1=4**

(i) 'ਮੇਰੇ ਵੱਡੇ-ਵਡੇਰੇ' ਲੇਖ ਅਨੁਸਾਰ ਬਾਬਿਆਂ ਦੀ ਭੈਣ ਕਿਹੜੇ ਪਿੰਡ ਵਿਆਹੀ ਹੋਈ ਸੀ ?

(ii) ਬੋਲੀ ਕਿਸ ਦੇ ਹੁਸਨਾਂ ਤੇ ਸਵਾਦਾਂ ਦਾ ਜਾਦੂ ਹੈ ?

(iii) '**ਘਰ ਦਾ ਪਿਆਰ**' ਲੇਖ ਵਿੱਚ ਆਏ ਵੇਰਵਿਆਂ ਅਨੁਸਾਰ ਸਿੱਖ ਗੁਰੂ ਸਾਹਿਬਾਨ ਨੇ ਕਿਸ ਤਰ੍ਹਾਂ ਦੇ ਜੀਵਨ ਉੱਪਰ ਜ਼ੋਰ ਦਿੱਤਾ ਹੈ ?

(iv) '**ਕੁਲਫ਼ੀ**' ਕਹਾਣੀ ਵਿੱਚ ਸ਼ਾਹਾਂ ਦੇ ਘਰੋਂ ਕਾਕੇ ਦੇ ਘਰ ਉਲ੍ਹਾਮਾ ਦੇਣ ਲਈ ਕੌਣ ਆਇਆ ਸੀ ?

(v) 'ਧਰਤੀ ਹੇਠਲਾ ਬਲ਼ਦ' ਕਹਾਣੀ ਵਿੱਚ ਮਾਝੇ ਦੇ ਇਲਾਕੇ ਦੇ ਰਹਿਣ ਵਾਲਿਆਂ ਨੂੰ ਕੀ ਆਖਿਆ ਗਿਆ ਹੈ ?

14. **ਕਹਾਣੀ, ਵਾਰਤਕ ਤੇ ਇਕਾਂਗੀ ਵਿੱਚੋਂ (ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਦਿਓ) :7X2=14**

(i) ਅਮਰੀਕ ਕਿਸ ਗੱਲ ਲਈ ਆਪਣੇ ਪਿਓ ਤੋਂ ਖ਼ੁਸ਼ ਸੀ ? 'ਅੰਗ-ਸੰਗ' ਕਹਾਣੀ ਦੇ ਆਧਾਰ 'ਤੇ ਦੱਸੋ ।

(ii) ਕੁਲਫ਼ੀ' ਕਹਾਣੀ ਵਿੱਚ ਕਾਕੇ ਨੇ ਲੇਖਕ ਕੋਲੋਂ ਟਕਾ ਕਿਉਂ ਮੰਗਿਆ ਸੀ ?

(iii) 'ਧਰਤੀ ਹੇਠਲਾ ਬਲ਼ਦ' ਕਹਾਣੀ ਵਿੱਚ ਕਰਮ ਸਿੰਘ ਦੇ ਪਿਤਾ ਨੂੰ 'ਧਰਤੀ ਹੇਠਲਾ ਬਲ਼ਦ' ਕਿਉਂ ਕਿਹਾ ਗਿਆ ਹੈ ?

(iv) ਤੁਹਾਡੇ ਅਨੁਸਾਰ 'ਦੂਜਾ ਵਿਆਹ' ਇਕਾਂਗੀ ਵਿੱਚ ਨਿਹਾਲ ਕੌਰ ਨੂੰ ਮਨਜੀਤ ਕੌਰ ਦਾ ਆਪਣੇ ਪਤੀ ਨੂੰ ਨਾਂ ਲੈ ਕੇ ਬੁਲਾਉਣਾ ਬੁਰਾ ਲੱਗਣਾ ਕਿੰਨੀ ਕੁ ਸਹੀ ਹੈ ? ਇਸ ਬਾਰੇ ਆਪਣੇ ਵਿਚਾਰ ਪ੍ਰਗਟ ਕਰੋ ।

(v) 'ਜ਼ਫ਼ਰਨਾਮਾ'ਇਕਾਂਗੀ ਦੇ ਆਧਾਰ 'ਤੇ ਦੱਸੋ ਕਿ ਔਰੰਗਜ਼ੇਬ ਦੇ ਪੁੱਤਰਾਂ ਵਿੱਚ ਖ਼ਾਨਾ-ਜੰਗੀ ਕਿਉਂ ਸ਼ੁਰੂ ਹੋਈ ਸੀ ?

(vi) 'ਤੁਰਨ ਦਾ ਹੁਨਰ' ਪਾਠ ਅਨੁਸਾਰ ਯੂਨਾਨੀ ਪਾਤਰ ਯੂਲੀਸਿਸ ਤੇ ਗੁਰੂ ਨਾਨਕ ਦੇਵ ਜੀ ਕਿਸ ਗੱਲ ਦਾ ਪ੍ਰਤੀਕ ਹਨ ਅਤੇ ਉਸ ਪ੍ਰਤੀਕ ਦੇ ਅਰਥ ਵਜੋਂ ਹੋਰ ਕਿਹੜੇ ਸ਼ਬਦ ਵਰਤੇ ਹਨ ?

(vii) **'ਘਰ ਦਾ ਪਿਆਰ'** ਲੇਖ ਵਿੱਚ ਲੇਖਕ ਵੱਲੋਂ ਵੱਡੇ-ਵੱਡੇ ਕਥੱਕੜਾਂ ਦੀ ਜ਼ਿੰਦਗੀ ਬਾਰੇ ਜੋ ਵਿਚਾਰ ਪ੍ਰਗਟ ਕੀਤੇ ਗਏ ਹਨ, ਤੁਸੀਂ ਉਹਨਾਂ ਨਾਲ਼ ਕਿੰਨੇ ਕੁ ਸਹਿਮਤ ਹੋ ਆਪਣੇ ਵਿਚਾਰ ਦਲੀਲਾਂ ਸਾਹਿਤ ਪ੍ਰਗਟ ਕਰੋ ।

(viii) "ਪੜ੍ਹਾਈ ਆਪਣੇ-ਆਪ ਵਿੱਚ ਕੋਈ ਵੱਡਾ ਤਜਰਬਾ ਨਹੀਂ ।" 'ਬੋਲੀ' ਲੇਖ ਵਿੱਚ ਲੇਖਕ ਵੱਲੋਂ ਪ੍ਰਗਟਾਏ ਇਸ ਵਿਚਾਰ ਬਾਰੇ ਆਪਣੇ ਤਰਕ ਦਿਓ ।

15. **ਕਵਿਤਾ ਤੇ ਵਾਰਤਕ ਵਿੱਚੋਂ (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ) : 2X4=8**

(i) 'ਜੰਗ ਦਾ ਹਾਲ ਬਿਆਨ ਕਰਦੇ ਸਮੇਂ ਸ਼ਾਹ ਮੁਹੰਮਦ ਦੀ ਹਮਦਰਦੀ ਸਿੱਖ ਫ਼ੌਜਾਂ ਨਾਲ਼ ਵਧੇਰੇ ਹੈ ।' 'ਜੰਗ ਦਾ ਹਾਲ' ਰਚਨਾ ਦੇ ਆਧਾਰ 'ਤੇ ਦੱਸੋ ਕਿ ਇਹ ਕਥਨ ਕਿੰਨਾ ਕੁ ਸਹੀ ਹੈ ।

ਜਾਂ (OR)

(ii) "ਕਿਰਪਾ ਕਰਿ ਕੈ ਬਖਸਿ ਲੈਹੁ" ਬਾਣੀ ਵਿੱਚ ਗੁਰੂ ਅਮਰਦਾਸ ਜੀ ਅਨੁਸਾਰ ਗੁਰੂ ਪ੍ਰਸੰਨ ਹੋ ਜਾਣ 'ਤੇ ਕੀ ਬਖ਼ਸ਼ਿਸ਼ ਕਰਦਾ ਹੈ ਅਤੇ ਉਹ ਪਰਮਾਤਮਾ ਅੱਗੇ ਕਿਹੜੀ ਕਿਰਪਾ ਕਰਨ ਦੀ ਬੇਨਤੀ ਕਰ ਰਹੇ ਹਨ?

(iii) 'ਤੁਰਨ ਦਾ ਹੁਨਰ' ਪਾਠ ਵਿੱਚ ਦਰਖ਼ਤਾਂ ਬਾਰੇ ਕੀ ਵੇਰਵੇ ਪ੍ਰਗਟ ਹੋਏ ਹਨ ?

ਜਾਂ (OR)

(iv) 'ਪ੍ਰਾਰਥਨਾ' ਲੇਖ ਦੇ ਆਧਾਰ 'ਤੇ ਦੱਸੋ ਕਿ ਕੈਦੀ ਦੇ ਸੁਭਾਅ ਵਿੱਚ ਬਦਲਾਅ ਕਿਸ ਤਰ੍ਹਾਂ ਆਉਣਾ ਸ਼ੁਰੂ ਹੋਇਆ ?

16. **ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ) : 1X4=4**

(i) 'ਔਰੰਗਜ਼ੇਬ ਇੱਕ ਸ਼ੱਕੀ ਸੁਭਾਅ ਵਾਲ਼ਾ ਬਾਦਸ਼ਾਹ ਸੀ ।' ਇਸ ਕਥਨ ਬਾਰੇ 'ਜ਼ਫ਼ਰਨਾਮਾ' ਇਕਾਂਗੀ ਦੇ ਆਧਾਰ 'ਤੇ ਦਲੀਲਾਂ ਸਹਿਤ ਆਪਣੇ ਵਿਚਾਰ ਪ੍ਰਗਟਾਓ ।

(ii) 'ਦੂਜਾ ਵਿਆਹ' ਇਕਾਂਗੀ ਵਿੱਚ ਇੱਕ ਨੂੰਹ ਤੇ ਇੱਕ ਪਤਨੀ ਦੇ ਰੂਪ ਵਿੱਚ ਮਨਜੀਤ ਕੌਰ ਦੇ ਵਿਵਹਾਰ ਬਾਰੇ ਆਪਣੇ ਵਿਚਾਰ ਪ੍ਰਗਟ ਕਰੋ ।